**File No.DIPR-PRSS0PRS1(356)/587/2020-DPRO Amritsar**

**I/20327/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਸਰਕਾਰੀਆ ਵੱਲੋਂ ਬੈਂਕਾਂ ਵਿਚ ਲੱਗਦੀ ਭੀੜ ਦਾ ਸਖਤ ਨੋਟਿਸ**

**ਭਿੰਡੀ ਸੈਦਾਂ ਦੇ ਬੈਂਕ ਪਹੁੰਚ ਕੇ ਮੁਲਾਜ਼ਮਾਂ ਤੇ ਲੋਕਾਂ ਨੂੰ ਕੀਤੀਆਂ ਹਦਾਇਤਾਂ**

ਅੰਮ੍ਰਿਤਸਰ, 25 ਅਪ੍ਰੈਲ ( )-

ਸ਼ਹਿਰੀ ਵਿਕਾਸ ਮੰਤਰੀ ਸ. ਸੁਖਬਿੰਦਰ ਸਿੰਘ ਸਰਕਾਰੀਆ ਨੇ ਬੈਂਕਾਂ ਦੀਆਂ ਵੱਖ-ਵੱਖ ਸਖਾਵਾਂ ਅੱਗੇ ਪੈਂਦੀ ਭੀੜ ਦਾ ਨੋਟਿਸ ਲੈਂਦੇ ਅੱਜ ਭਿੰਡੀ ਸੈਦਾਂ ਬੈਂਕ ਵਿਚ ਅਚਨਚੇਤ ਪਹੁੰਚ ਕੇ ਬੈਂਕ ਵਿਚ ਇਕੱਠੇ ਹੋਏ ਲੋਕਾਂ ਅਤੇ ਕੰਮ ਕਰ ਰਹੇ ਅਧਿਕਾਰੀਆਂ ਨੂੰ ਕੋਵਿਡ 19 ਦੇ ਮੱਦੇਨਜ਼ਰ ਜ਼ਰੂਰੀ ਸਾਵਧਾਨੀਆਂ ਦਾ ਪਾਲਣ ਕਰਨ ਦੀ ਹਦਾਇਤ ਕੀਤੀ। ਉਨਾਂ ਕਿਹਾ ਕਿ ਭਾਵੇਂ ਪੰਜਾਬ ਨੇ ਕਾਫੀ ਹੱਦ ਤੱਕ ਵਾਇਰਸ ਉਤੇ 'ਤੇ ਕਾਬੂ ਪਾਇਆ ਹੈ, ਪਰ ਇਸ ਤਰਾਂ ਦੀ ਲਾਪਰਵਾਹੀ ਸਥਿਤੀ ਵਿਗਾੜ ਸਕਦੀ ਹੈ। ਉਨਾਂ ਕਿਹਾ ਕਿ ਬੈਂਕਾਂ ਵਿਚ ਬਰਾਂਚ ਦੇ ਬਾਹਰ ਉਡੀਕ ਕਰ ਰਹੇ ਲੋਕਾਂ ਵਿਚਕਾਰ 1 ਮੀਟਰ ਦੀ ਆਪਸੀ ਦੂਰੀ ਬਣਾ ਕੇ ਰੱਖਣਾ ਯਕੀਨੀ ਬਣਾਇਆ ਜਾਵੇ ਅਤੇ ਸਟਾਫ ਵਿਚਕਾਰ ਵੀ ਇਕ ਮੀਟਰ ਦੀ ਦੂਰੀ ਹੋਵੇ। ਬੈਂਕਾਂ ਵੱਲੋਂ ਯਕੀਨੀ ਬਣਾਇਆ ਜਾਵੇ ਕਿ ਬੈਂਕ ਸ਼ਾਖਾ ਵਿੱਚ ਦਾਖਿਲ ਹੋਣ ਤੋਂ ਪਹਿਲਾਂ ਹਰੇਕ ਉਪਭੋਗਤਾ ਨੇ ਮਾਸਕ ਪਹਿਨਿਆ ਹੋਵੇ ਅਤੇ ਬੈਂਕ ਹਰੇਕ ਵਿਅਕਤੀ ਨੂੰ ਪ੍ਰਵੇਸ਼ ਕਰਨ ਤੋਂ ਪਹਿਲਾਂ ਹੱਥਾਂ ਨੂੰ ਸੈਨੀਟਾਈਜ਼ ਕਰਨ ਦਾ ਪ੍ਰਬੰਧ ਕਰਨ। ਬੈਂਕ ਸਟਾਫ ਅਤੇ ਗਾਹਕ ਨਗਦੀ ਦਾ ਲੈਣ-ਦੇਣ ਕਰਨ ਤੋਂ ਬਾਅਦ ਹੱਥਾਂ ਨੂੰ ਸਾਫ ਕਰਨਾ ਯਕੀਨੀ ਬਨਾਉਣ।

ਉਨਾਂ ਕਿਹਾ ਕਿ ਬੈਂਕਾਂ ਵੱਲੋਂ ਡਿਜ਼ੀਟਲ ਲੈਣ-ਦੇਣ ਬਾਰੇ ਜਾਣਕਾਰੀ ਦਿੱਤੀ ਜਾਵੇ, ਤਾਂ ਜੋ ਬਰਾਂਚ ਵਿੱਚ ਇਕੱਠ ਨੂੰ ਘਟਾਇਆ ਜਾ ਸਕੇ। ਸ. ਸਰਕਾਰੀਆ ਨੇ ਕਿਹਾ ਕਿ ਬੈਂਕ ਪ੍ਰਬੰਧਕ ਘੱਟ ਤੋਂ ਘੱਟ ਸਟਾਫ ਨੂੰ ਬੈਂਕ ਬੁਲਾ ਕੇ ਕੰਮ ਚਲਾਉਣ, ਤਾਂ ਜੋ ਬੈਂਕ ਵਿਚ ਕਰਮਚਾਰੀਆਂ ਨੂੰ ਦੂਰ-ਦੂਰ ਬੈਠਣ ਦਾ ਮੌਕਾ ਮਿਲ ਸਕੇ। ਜੇਕਰ ਕਿਸੇ ਮੁਲਾਜ਼ਮ ਵਿੱਚ ਕੋਰੋਨਾ ਵਾਇਰਸ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਬੈਂਕ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਹੈਲਪਲਾਈਨ ਨੰਬਰ 104 ਜਾਂ ਸਟੇਟ ਕੰਟਰੋਲ ਰੂਮ ਨੰਬਰ 0172-2920074/ 08872090029 'ਤੇ ਕਾਲ ਕਰਕੇ ਪੀੜਤ ਮੁਲਾਜ਼ਮ ਦੇ ਬੈਂਕ ਆਉਣ ਦੇ ਦਿਨਾਂ ਬਾਰੇ ਅਤੇ ਉਸਦੇ ਸੰਪਰਕ ਵਿੱਚ ਆਏ ਲੋਕਾਂ ਬਾਰੇ ਤੁਰੰਤ ਜਾਣਕਾਰੀ ਦੇਵੇ। ਗਾਹਕਾਂ ਦਾ ਰਿਕਾਰਡ ਰੱਖਣ ਲਈ ਵੀ ਬੈਂਕ ਗੇਟ ਉਤੇ ਰਜਿਸਟਰ ਲਗਾਉਣ ਜਿੱਥੇ ਰੋਜ਼ਾਨਾ ਬੈਂਕ ਆਏ ਗਾਹਕਾਂ ਦਾ ਫੋਨ ਨੰਬਰ ਸਮੇਤ ਰਿਕਾਰਡ ਨੋਟ ਕੀਤਾ ਜਾਵੇ, ਜੋ ਕਿ ਲੋੜ ਵੇਲੇ ਵਰਤਿਆ ਜਾ ਸਕੇ। ਇਸ ਮੌਕੇ ਚੇਅਰਮੈਨ ਜਿਲਾ ਪ੍ਰੀਸ਼ਦ ਦਿਲਰਾਜ ਸਿੰਘ ਸਰਕਾਰੀਆ, ਅਜੇ ਪ੍ਰਤਾਪ ਸਿੰਘ ਸਰਕਾਰੀਆ, ਡੀ ਐਸ ਪੀ ਗੁਰਪ੍ਰੀਤ ਸਿੰਘ ਸਹੋਤਾ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਕੈਪਸ਼ਨ

ਭਿੰਡੀ ਸੈਦਾਂ ਬੈਂਕ ਵਿਚ ਪਹੁੰਚ ਕੇ ਲੋਕਾਂ ਤੇ ਬੈਂਕ ਅਧਿਕਾਰੀਆਂ ਨੂੰ ਕੋਵਿਡ 19 ਦੇ ਮੱਦੇਨਜ਼ਰ ਹਦਾਇਤਾਂ ਦਿੰਦੇ ਸ. ਸੁਖਬਿੰਦਰ ਸਿੰਘ ਸਰਕਾਰੀਆ।

========

**File No.DIPR-PRSS0PRS1(356)/587/2020-DPRO Amritsar**

**I/20328/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਨਿੱਜੀ ਹਸਪਤਾਲ ਫਲੂ ਦੇ ਲੱਛਣਾਂ ਵਾਲੇ ਮਰੀਜਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਭੇਜਣ-ਸੋਨੀ**

**ਅੰਮ੍ਰਿਤਸਰ ਕੇਂਦਰੀ ਹਲਕੇ ਦੇ ਲੋਕਾਂ ਲਈ ਰਾਸ਼ਨ ਦੇ ਤਿੰਨ ਟਰੱਕ ਤੋਰੇ**

ਅੰਮ੍ਰਿਤਸਰ, 25 ਅਪ੍ਰੈਲ ( )-

ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ ਨੇ ਕੋਵਿਡ- 19 ਦੀ ਰੋਕਥਾਮ ਅਤੇ ਨਿਗਰਾਨੀ ਵਧਾਉਣ ਲਈ ਰਾਜ ਦੇ ਸਾਰੇ ਨਿੱਜੀ ਹਸਪਤਾਲਾਂ ਨੂੰ ਇਨਫ਼ਲੂਏਂਜਾ ਲਾਈਕ ਇਲਨੈੱਸ (ਆਈ ਐਲ ਆਈ) ਅਤੇ ਸਵਿਅਰ ਐਕਿਉਟ ਰੇਸਪੀਰੇਟਰੀ ਇਨਫੈਕਸਨ (ਐਸਏਆਰਆਈ) ਦੇ ਮਰੀਜਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਰੈਫਰ ਕਰਨ ਦੀ ਅਪੀਲ ਕੀਤੀ ਹੈ। ਇਨਾਂ ਸਰਕਾਰੀ ਹਸਪਤਾਲਾਂ ਦੇ ਫ਼ਲੂ ਕਾਰਨਰਾਂ ਵਿੱਚ ਫਲੂ ਦੇ ਲੱਛਣ ਜਿਵੇਂ ਕਿ ਬੁਖ਼ਾਰ , ਖੰਘ, ਸਾਹ ਲੈਣ ਵਿੱਚ ਤਕਲੀਫ਼, ਨਮੂਨਿਆ ਆਦਿ ਦੇ ਸਾਰੇ ਮਰੀਜਾਂ ਦੀ ਮੁਫ਼ਤ ਆਰਟੀ-ਪੀਸੀਆਰ ਟੈਸਟਿੰਗ ਕੀਤੀ ਜਾਵੇਗੀ। ਅੱਜ ਅੰਮ੍ਰਿਤਸਰ ਕੇਂਦਰੀ ਹਲਕੇ ਦੀਆਂ ਬਾਹਰਲੀਆਂ ਵਾਰਡਾਂ ਲਈ ਆਪਣੇ ਦੋਸਤਾਂ ਦੀ ਸਹਾਇਤਾ ਨਾਲ 500 ਪਰਿਵਾਰਾਂ ਲਈ ਭੇਜੇ ਗਏ ਸੁੱਕੇ ਰਾਸ਼ਨ ਦੇ ਤਿੰਨ ਟਰੱਕ ਤੋਰਨ ਮੌਕੇ ਸ੍ਰੀ ਸੋਨੀ ਨੇ ਇਹ ਪ੍ਰਗਟਾਵਾ ਕਰਦੇ ਕਿਹਾ ਕਿ ਇਸ ਯੋਜਨਾ ਜ਼ਰੀਏ ਯਕੀਨੀ ਬਣਾਇਆ ਜਾਵੇਗਾ ਕਿ ਕੋਵਿਡ-19 ਦਾ ਇੱਕ ਵੀ ਸ਼ੱਕੀ ਮਰੀਜ ਜਾਂਚ ਤੋਂ ਵਾਂਝਾ ਨਾ ਰਹਿ ਸਕੇ ਅਤੇ ਇਸ ਬਿਮਾਰੀ ਦੇ ਜਨਤਕ ਪੱਧਰ ਤੇ ਫ਼ੈਲਾਅ ਨੂੰ ਰੋਕਿਆ ਜਾ ਸਕੇ। ਉਨਾਂ ਕਿਹਾ ਕਿ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਵੀ ਸਾਰੇ ਸਿਵਲ ਸਰਜਨਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਉਨਾਂ ਦੱਸਿਆ ਕਿ ਸਰਕਾਰ ਨੇ ਕੋਵਿਡ- 19 ਕਾਰਨ ਪੈਦਾ ਹੋਈ ਸਥਿਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਿਆ ਹੈ ਅਤੇ ਸੂਬਾ ਸਰਕਾਰ ਵੱਲੋਂ ਕੋਵਿਡ- 19 ਮਰੀਜਾਂ ਦੀ ਟ੍ਰੈਕਿੰਗ (ਪਹਿਚਾਣ) , ਟੈਸਟਿੰਗ (ਜਾਂਚ) ਤੇ ਟਰੀਟਮੈਂਟ (ਇਲਾਜ) ਲਈ ਵਿਸਥਾਰਪੂਰਵਕ ਯੋਜਨਾ ਤਿਆਰ ਕੀਤੀ ਗਈ ਹੈ। ਉਨਾਂ ਦੱਸਿਆ ਕਿ ਪੰਜਾਬ ਵਿੱਚ ਕੋਵਿਡ- 19 ਦੀ ਜਾਂਚ 5 ਲੈਬਾਂ ਵੱਲੋਂ ਕੀਤੀ ਜਾ ਰਹੀ ਹੈ ਅਤੇ ਆਈਸੀਐਮਆਰ ਤੋਂ ਮੰਜ਼ੂਰਸ਼ੁਦਾ ਹੋਰ ਪ੍ਰਾਈਵੇਟ ਲੈਬ ਨੂੰ ਸ਼ਾਮਿਲ ਕਰਨ ਦੀ ਕੋਸ਼ਿਸ਼ ਹੋ ਰਹੀ ਹੈ , ਜਿਸ ਨਾਲ ਪੰਜਾਬ ਦੀ ਟੈਸਟਿੰਗ ਸਮਰੱਥਾ ਹੋਰ ਵੀ ਵੱਧ ਸਕੇਗੀ। ਇਸ ਮੌਕੇ ਸ੍ਰੀ ਵਿਕਾਸ ਸੋਨੀ , ਸ੍ਰੀ ਰਾਘਵ ਸੋਨੀ, ਸ੍ਰੀ ਸ਼ਾਮ ਸੋਨੀ, ਸ੍ਰੀ ਸਾਹਿਲ ਸਰਪਾਲ, ਸ੍ਰੀ ਸੁਮਿਤ ਅਗਰਵਾਲ ਅਤੇ ਸ੍ਰੀ ਰਮਨ ਵਿਰਕ ਵੀ ਹਾਜ਼ਰ ਸਨ।

ਕੈਪਸ਼ਨ

ਅੰਮ੍ਰਿਤਸਰ ਕੇਂਦਰੀ ਹਲਕੇ ਲਈ ਰਾਸ਼ਨ ਦੇ ਤਿੰਨ ਟਰੱਕ ਰਵਾਨਾ ਕਰਨ ਮੌਕੇ ਸ੍ਰੀ ਓ ਪੀ ਸੋਨੀ।

=====

**File No.DIPR-PRSS0PRS1(356)/587/2020-DPRO Amritsar**

**I/20329/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਕੋਵਿਡ 19 ਦੇ ਮਰੀਜ਼ਾਂ ਦੀ ਸਾਂਭ-ਸੰਭਾਲ ਲਈ ਜ਼ਿਲਾ ਪ੍ਰਸ਼ਾਸ਼ਨ ਨੇ ਤਿਆਰ ਕਰਵਾਈ ਰਿਮੋਟ ਨਾਲ ਚੱਲਣ ਵਾਲੀ ਟਰਾਲੀ**

**ਮਰੀਜ਼ਾਂ ਤੱਕ ਰੋਟੀ-ਪਾਣੀ ਅਤੇ ਦਵਾਈਆਂ ਆਦਿ ਪੁੱਜਦਾ ਕਰਨਾ ਹੋਵੇਗਾ ਅਸਾਨ**

ਅੰਮ੍ਰਿਤਸਰ, 25 ਅਪ੍ਰੈਲ ( )-

ਭਾਵੇਂ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਰਫਿਊ ਵਰਗਾ ਸਖਤ ਫੈਸਲਾ ਲੈ ਕੇ ਕੋਰੋਨਾ ਦੇ ਵਾਇਰਸ ਨੂੰ ਫੈਲਣ ਤੋਂ ਕਾਫੀ ਹੱਦ ਤੱਕ ਰੋਕ ਲਿਆ ਹੈ , ਪਰ ਫਿਰ ਵੀ ਸਰਕਾਰ ਕਿਸੇ ਵੀ ਹੰਗਾਮੀ ਹਾਲਤ ਵਿਚ ਮਰੀਜਾਂ ਦੀ ਗਿਣਤੀ ਵੱਧ ਜਾਣ ਦੇ ਮੱਦੇਨਜ਼ਰ ਉਨਾਂ ਦੀ ਸੰਭਾਲ ਲਈ ਪੁਖ਼ਤਾ ਪ੍ਰਬੰਧ ਕਰ ਰਹੀ ਹੈ। ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਸਥਾਨਕ ਮੈਰੀਟੋਰੀਅਸ ਸਕੂਲ , ਜਿਸ ਵਿਚ ਕਰੀਬ 1000 ਮੰਜਿਆਂ ਦਾ ਕੋਵਿਡ ਸੰਭਾਲ ਕੇਂਦਰ (ਕੋਵਿਡ ਕੇਅਰ ਸੈਂਟਰ) ਬਣਾਇਆ ਗਿਆ ਹੈ, ਵਿਚ ਉਹ ਮਰੀਜ਼ ਰੱਖਣ ਦੀ ਤਜਵੀਜ਼ ਹੈ, ਜੋ ਕੋਰੋਨਾ ਤੋਂ ਪਾਜ਼ੀਟਵ ਹੋਣਗੇ , ਪਰ ਉਨਾਂ ਵਿਚ ਬਿਮਾਰੀ ਦਾ ਕੋਈ ਗੰਭੀਰ ਲੱਛਣ ਨਾ ਹੋਣ ਕਾਰਨ ਉਨਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਉਕਤ ਕੇਂਦਰ ਵਿਚ ਆਉਣ ਵਾਲੇ ਮਰੀਜ਼ਾਂ ਦੀ ਸਾਂਭ-ਸੰਭਾਲ ਕਰਨ ਵਾਲੇ ਪੈਰਾ ਮੈਡੀਕਲ ਸਟਾਫ ਨੂੰ ਵਾਇਰਸ ਦੇ ਪ੍ਰਭਾਵ ਤੋਂ ਦੂਰ ਰੱਖਣ ਦੇ ਇਰਾਦੇ ਨਾਲ ਇੱਥੇ ਰਿਮੋਟ ਕੰਟਰੋਲ ਟਰਾਲੀ ਦਾ ਇੰਤਜ਼ਾਮ ਕੀਤਾ ਜਾਵੇਗਾ , ਜਿਸਦਾ ਸਫਲ ਟਰਾਇਲ ਅੱਜ ਡਿਪਟੀ ਕਮਿਸ਼ਨਰ ਸ. ਢਿੱਲੋਂ ਦੀ ਹਾਜ਼ਰੀ ਵਿਚ ਕਰ ਲਿਆ ਗਿਆ ਹੈ।

ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਪਲਵੀ ਚੌਧਰੀ , ਜਿੰਨਾ ਦੀ ਅਗਵਾਈ ਹੇਠ ਸਨਅਤ ਵਿਭਾਗ ਨੇ ਸਿੰਘ ਇੰਡਸਟਰੀ ਨਾਲ ਮਿਲ ਕੇ ਇਹ ਰਿਮੋਟ ਟਰਾਲੀ ਬਣਾਈ ਹੈ , ਨੇ ਦੱਸਿਆ ਕਿ ਇਹ ਟਰਾਲੀ ਪੂਰੀ ਤਰਾਂ ਰਿਮੋਟ ਕੰਟਰੋਲ ਨਾਲ ਚੱਲਦੀ ਹੈ, ਕਿਸੇ ਵੀ ਮਰੀਜ਼ ਤੱਕ ਰੋਟੀ , ਪਾਣੀ, ਦਵਾਈ ਦੀ ਪਹੁੰਚ ਦੇ ਸਕਦੀ ਹੈ। ਇਸ ਤਰਾਂ ਸਟਾਫ ਨੂੰ ਮਰੀਜ਼ ਦੇ ਜ਼ਿਆਦਾ ਨੇੜੇ ਜਾਣ ਦੀ ਲੋੜ ਨਹੀਂ ਪਵੇਗੀ ਅਤੇ ਵਾਇਰਸ ਦਾ ਪਸਾਰ ਰੁਕੇਗਾ। ਉਨਾਂ ਦੱਸਿਆ ਕਿ ਟਰਾਲੀ 360 ਡਿਗਰੀ ਤੱਕ ਘੁੰਮ ਸਕਣ , 40 ਕਿਲੋਗ੍ਰਾਮ ਤੱਕ ਭਾਰ ਚੁੱਕਣ , 100 ਫੁੱਟ ਤੱਕ ਰਿਮੋਟ ਦੀ ਕਮਾਂਡ ਲੈ ਸਕਣ ਆਦਿ ਸਹੂਲਤਾਂ ਦੇ ਸਮਰੱਥ ਹੈ।

ਡਿਪਟੀ ਕਮਿਸ਼ਨਰ ਸ. ਢਿੱਲੋਂ ਨੇ ਇਸ ਟਰਾਇਲ ਦੀ ਸਫਲਤਾ ਉਤੇ ਤਸੱਲੀ ਪ੍ਰਗਟਾਉਂਦੇ ਕਿਹਾ ਕਿ ਇਸ ਨਾਲ ਮਰੀਜਾਂ ਦੀ ਸੰਭਾਲ ਅਸਾਨ ਹੋਵੇਗੀ। ਉਨਾਂ ਦੱਸਿਆ ਕਿ ਮੈਰੀਟੋਰੀਅਸ ਸਕੂਲ ਵਿਚ 1000 ਮਰੀਜ਼ਾਂ ਲਈ ਸੰਭਾਲ ਕੇਂਦਰ ਤਿਆਰ ਕੀਤਾ ਜਾ ਚੁੱਕਾ ਹੈ , ਜਿਸ ਦੀ ਦੇਖਰੇਖ ਸੀਨੀਅਰ ਡਾਕਟਰ ਦੇ ਹੱਥ ਵਿਚ ਹੋਵੇਗੀ। ਉਨਾਂ ਦੱਸਿਆ ਕਿ ਇਸ ਕੇਂਦਰ ਵਿਚ ਮਰੀਜਾਂ ਲਈ ਰਜਿਸਟਰੇਸ਼ਨ ਕਾਊਂਟਰ , ਡਾਕਟਰ ਲਈ ਕਮਰਾ, ਨਰਸਾਂ ਲਈ ਕਮਰੇ, ਉਡੀਕ ਘਰ, ਕੱਪੜੇ ਧੋਣ ਲਈ ਪ੍ਰਬੰਧ, ਫਾਰਮੇਸੀ, ਪੀ ਪੀ ਈ ਕਿੱਟ ਬਦਲਣ ਲਈ ਕਮਰਾ ਆਦਿ ਸਾਰੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਬਾਇਓ ਮੈਡੀਕਲ ਵੇਸਟ ਲਈ ਵੀ ਵਿਸ਼ੇਸ਼ ਪ੍ਰਬੰਧ ਰੱਖਿਆ ਗਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਸੁਖਪਾਲ ਸਿੰਘ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਕੈਪਸ਼ਨ

ਰਿਮੋਟ ਕੰਟਰੋਲ ਟਰਾਲੀ ਦਾ ਟਰਾਇਲ ਵੇਖਦੇ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਅਤੇ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਪਲਵੀ ਚੌਧਰੀ।

=========

**File No.DIPR-PRSS0PRS1(356)/587/2020-DPRO Amritsar**

**I/20330/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਤਖ਼ਤ ਸ੍ਰੀ ਹਜੂਰ ਸਾਹਿਬ ਤੋਂ ਸ਼ਰਧਾਲੂਆਂ ਨੂੰ ਲਿਆਉਣ ਲਈ ਅੰਮ੍ਰਿਤਸਰ ਤੋਂ ਚਾਰ ਬੱਸਾਂ ਰਵਾਨਾ**

ਅੰਮ੍ਰਿਤਸਰ, 25 ਅਪ੍ਰੈਲ ( )-

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਹਿਲ ਨਾਲ ਤਖ਼ਤ ਸ੍ਰੀ ਹਜੂਰ ਸਾਹਿਬ ਨਾਂਦੇੜ ਵਿਖ ਫਸੇ ਸ਼ਰਧਾਲੂਆਂ ਨੂੰ ਵਾਪਸ ਲਿਆਉਣ ਅੱਜ ਅੰਮ੍ਰਿਤਸਰ ਤੋਂ 4 ਬੱਸਾਂ ਰਵਾਨਾ ਹੋ ਗਈਆਂ ਹਨ। ਪੰਜਾਬ ਰੋਡਵੇਜ਼ ਅੰਮ੍ਰਿਤਸਰ ਦੇ ਜਨਰਲ ਮੈਨੇਜਰ ਸ੍ਰੀ ਸੁਭਾਸ਼ ਸ਼ਰਮਾ ਨੇ ਦੱਸਿਆ ਕਿ ਇਹ ਚਾਰ ਬੱਸਾਂ ਵੋਲਵੋ ਹੀ ਭੇਜੀਆਂ ਗਈਆਂ ਹਨ , ਜਿਸ ਵਿਚ ਡਰਾਇਵਰ ਕੰਡਕਟਰਾਂ ਤੋਂ ਇਲਾਵਾ ਪੁਲਿਸ ਦੇ ਜਵਾਨ ਵੀ ਨਾਲ ਗਏ ਹਨ। ਉਨਾਂ ਦੱਸਿਆ ਕਿ ਪੰਜਾਬ ਭਰ ਵਿਚੋਂ ਰੋਡਵੇਜ਼ ਦੀਆਂ 80 ਬੱਸਾਂ ਅੱਜ ਹਜੂਰ ਸਾਹਿਬ ਲਈ ਗਈਆਂ ਹਨ , ਜੋ ਕਿ ਸ਼ਰਧਾਲੂਆਂ ਨੂੰ ਬਿਲਕੁਲ ਮੁਫ਼ਤ ਲੈ ਕੇ ਆਉਣਗੀਆਂ ਅਤੇ ਸਾਰਾ ਖਰਚ ਪੰਜਾਬ ਸਰਕਾਰ ਕਰ ਰਹੀ ਹੈ। ਉਨਾਂ ਨੇ ਕਿਹਾ ਕਿ ਹਰੇਕ ਬੱਸ ਵਿਚ ਤਿੰਨ ਡਰਾਇਵਰ , ਇਕ ਕੰਡਕਟਰ ਅਤੇ ਇਕ ਪੁਲਿਸ ਜਵਾਨ ਦੀ ਤਾਇਨਾਤੀ ਕੀਤੀ ਗਈ ਹੈ। ਆਉਣ ਜਾਣ ਦਾ ਇਹ ਬੱਸ 3300 ਕਿਲੋਮੀਟਰ ਤੋਂ ਜਿਆਦਾ ਦਾ ਸਫਰ ਤੈਅ ਕਰੇਗੀ। ਉਨਾਂ ਦੱਸਿਆ ਕਿ ਅੰਦਾਜ਼ਨ 5 ਦਿਨਾਂ ਤੱਕ ਇਹ ਬੱਸਾਂ ਸ਼ਰਧਾਲੂਆਂ ਨੂੰ ਲੈ ਕੇ ਵਾਪਸ ਪੰਜਾਬ ਪਹੁੰਚ ਜਾਣਗੀਆਂ। ਸ੍ਰੀ ਸ਼ੁਭਾਸ਼ ਨੇ ਦੱਸਿਆ ਕਿ ਕੋਵਿਡ 19 ਦੇ ਮੱਦੇਨਜ਼ਰ ਹਰ ਬੱਸ ਵਿਚ ਘੱਟ ਤੋਂ ਘੱਟ ਸਮਰੱਥਾ ਦੇ ਹਿਸਾਬ ਨਾਲ ਹੀ ਸਵਾਰੀਆਂ ਲਿਆਂਦੀਆਂ ਜਾਣਗੀਆਂ , ਤਾਂ ਜੋ ਹਰੇਕ ਸਵਾਰੀ ਨੂੰ ਵੱਖਰੀ ਸੀਟ ਮਿਲੇ। ਉਨਾਂ ਦੱਸਿਆ ਕਿ ਇਕ ਬੱਸ ਨਾਲ ਤਿੰਨ ਡਰਾਈਵਰ ਰਸਤੇ ਦੀ ਲੰਮੀ ਵਾਟ ਕਾਰਨ ਭੇਜੇ ਗਏ ਹਨ , ਤਾਂ ਜੋ ਡਰਾਈਵਰ ਨੂੰ ਥਕਾਵਟ ਨਾ ਹੋਵੇ ਅਤੇ ਉਹ ਥੋੜਾ ਤੋਂ ਥੋੜਾ ਸਮਾਂ ਬੱਸ ਚਲਾ ਕੇ ਸ਼ਰਧਾਲੂਆਂ ਨੂੰ ਸੁਰੱਖਿਅਤ ਆਪਣੇ ਘਰਾਂ ਤੱਕ ਪਹੁੰਚਾਉਣ।

==========

**File No.DIPR-PRSS0PRS1(356)/587/2020-DPRO Amritsar**

**I/20332/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਵਿਦੇਸ਼ ਦੀ ਧਰਤੀ ਤੋਂ ਘਰ ਆਉਣਾ ਚਾਹੁੰਦੇ ਪੰਜਾਬੀ ਆਪਣੀ ਜਾਣਕਾਰੀ ਦੇਣ-ਡਿਪਟੀ ਕਮਿਸ਼ਨਰ**

ਅੰਮ੍ਰਿਤਸਰ, 25 ਅਪ੍ਰੈਲ ( )-

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ. ਸ਼ਿਵਦੁਲਾਰ ਸਿੰਘ ਢਿਲੋਂ ਨੇ ਵਿਦੇਸ਼ ਦੀ ਧਰਤੀ ਉਤੇ ਬੈਠੇ ਅਜਿਹੇ ਪੰਜਾਬੀ ਜੋ ਘਰ ਆਉਣਾ ਚਾਹੁੰਦੇ ਹਨ, ਪਰ ਮੌਜੂਦਾ ਕੋਵਿਡ 19 ਸੰਕਟ ਕਾਰਨ ਪੈਦਾ ਹੋਏ ਹਲਾਤ ਕਾਰਨ ਆ ਨਹੀਂ ਸਕਦੇ , ਨੂੰ ਅਪੀਲ ਕੀਤੀ ਕਿ ਉਹ ਆਪਣੀ ਜਾਣਕਾਰੀ ਪੰਜਾਬ ਸਰਕਾਰ ਨਾਲ ਸਾਂਝੀ ਕਰਨ , ਤਾਂ ਜੋ ਉਨਾਂ ਨੂੰ ਪੰਜਾਬ ਲਿਆਉਣ ਬਾਰੇ ਸਫਲ ਯੋਜਨਾਬੰਦੀ ਕੀਤੀ ਜਾ ਸਕੇ। ਸ. ਢਿਲੋਂ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਚਾਹੁੰਦੇ ਹਨ ਕਿ ਅਜਿਹੇ ਪੰਜਾਬੀ, ਜੋ ਵਿਦੇਸ਼ੀ ਕਾਲਜਾਂ ਵਿਚ ਪੜ ਰਹੇ ਹਨ ਜਾਂ ਵਿਦੇਸ਼ੀ ਧਰਤੀ ਉਤੇ ਕੰਮ ਕਰ ਰਹੇ ਹਨ , ਨੂੰ ਉਨਾਂ ਦੀ ਇੱਛਾ ਅਨੁਸਾਰ ਪੰਜਾਬ ਆਉਣ ਦਾ ਮੌਕਾ ਦਿੱਤਾ ਜਾਵੇ।

ਉਨਾਂ ਕਿਹਾ ਕਿ ਜੇਕਰ ਵਿਦੇਸ਼ੀ ਧਰਤੀ ਉਤੇ ਬੈਠੇ ਅਜਿਹੇ ਪੰਜਾਬੀ ਵਾਪਸ ਆਪਣੀ ਧਰਤੀ ਉਤੇ ਆਉਣਾ ਚਾਹੁੰਦੇ ਹਨ ਤਾਂ ਉਹ ਸਟੇਟ ਕੋਵਿਡ ਕੰਟਰੋਲ ਰੂਮ , ਚੰਡੀਗੜ ਦੁਆਰਾ ਦਿੱਤੀ ਗਈ ਵੈਬਸਾਈਟ sccr.pb2020gmail.com ਉਤੇ ਆਪਣੀ ਵਿਸਥਾਰਤ ਜਾਣਕਾਰੀ ਜਿਸ ਵਿਚ ਆਪਣਾ ਨਾਮ , ਪਿਤਾ ਦਾ ਨਾਮ, ਮੌਜੂਦਾ ਫੋਨ ਨੰਬਰ, ਮੌਜੂਦਾ ਪਤਾ, ਪਾਸਪੋਰਟ ਨੰਬਰ, ਕਿੰਨੇ ਮੈਂਬਰ ਵਿਦੇਸ਼ ਵਿਚੋਂ ਆਉਣਾ ਚਾਹੁੰਦੇ ਹਨ ਅਤੇ ਪੰਜਾਬ ਵਿਚ ਕਿਹੜੇ ਹਵਾਈ ਅੱਡੇ ਉਤੇ ਆਉਣ ਦੀ ਇੱਛਾ ਰੱਖਦੇ ਹਨ, ਬਾਰੇ ਸਾਰੀ ਜਾਣਕਾਰੀ ਭੇਜ ਦੇਣ , ਤਾਂ ਜੋ ਉਨਾਂ ਨੂੰ ਲਿਆਉਣ ਬਾਰੇ ਤਿਆਰ ਕੀਤੀ ਜਾ ਰਹੀ ਯੋਜਨਾ ਨੂੰ ਉਨਾਂ ਦੀ ਲੋੜ ਅਨੁਸਾਰ ਤਿਆਰ ਕੀਤਾ ਜਾ ਸਕੇ।

=========

**File No.DIPR-PRSS0PRS1(356)/587/2020-DPRO Amritsar**

**I/20334/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਖੇਤੀ ਵਿਭਾਗ ਮੰਡੀਆਂ ਵਿਚ ਕਿਸਾਨਾਂ ਤੇ ਮਜ਼ਦੂਰਾਂ ਨੂੰ ਕਰ ਰਿਹਾ ਕੋਰੋਨਾ ਤੋਂ ਬਚਣ ਲਈ ਜਾਗਰੂਕ**

**ਮਾਰਕੀਟ ਕਮੇਟੀ ਵੱਲੋਂ ਕੀਤੇ ਗਏ ਹਨ ਪੁਖ਼ਤਾ ਪ੍ਰਬੰਧ-ਹਰਿੰਦਰਜੀਤ ਸਿੰਘ**

**ਮੰਡੀਆਂ ਵਿਚੋਂ 37055 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ-ਜਿਲਾ ਖੁਰਾਕ ਸਪਲਾਈ ਕੰਟਰੋਲਰ**

ਅੰਮ੍ਰਿਤਸਰ, 25 ਅਪ੍ਰੈਲ ( )-

ਸਕੱਤਰ ਖੇਤੀਬਾੜੀ ਸ. ਕਾਹਨ ਸਿੰਘ ਪੰਨੂ ਅਤੇ ਡਿਪਟੀ ਕਮਿਸਨਰ ਸ. ਸ਼ਿਵਦੁਲਾਰ ਸਿੰਘ ਢਿੱਲੋ ਦੇ ਦਿਸ਼ਾ-ਨਿਰਦੇਸਾਂ ਤਹਿਤ ਮੁੱਖ ਖੇਤੀਬਾੜੀ ਅਫਸਰ ਡਾ ਹਰਿੰਦਰਜੀਤ ਸਿੰਘ ਦੀ ਅਗਵਾਈ ਹੇਠ ਵਿਭਾਗ ਦੀਆਂ ਟੀਮਾਂ ਕਣਕ ਦੀ ਖ੍ਰੀਦ ਦੌਰਾਨ ਕੋਵਿਡ-19 ਦੇ ਪ੍ਰਸਾਰ ਨੂੰ ਰੋਕਣ ਲਈ ਕਿਸਾਨਾਂ ਤੇ ਮਜ਼ਦੂਰਾਂ ਨੂੰ ਜਾਗਰੂਕ ਕਰਨ ਦਾ ਮੰਡੀਆਂ ਵਿਚ ਕੰਮ ਉਤੇ ਜੁਟ ਗਈਆਂ ਹਨ। ਉਨਾਂ ਦੱਸਿਆ ਕਿ ਮੈਂ ਆਪ ਭਗਤਾਂਵਾਲਾ ਤੇ ਜੰਡਿਆਲਾ ਗੁਰੂ ਮੰਡੀ ਵਿਚ ਪਹੁੰਚ ਕੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਇਸ ਤੋਂ ਬਚੇ ਰਹਿਣ ਲਈ ਜ਼ਰੂਰੀ ਗੁਰ ਦਿੱਤੇ ਅਤੇ ਮੰਡੀਆਂ ਵਿਚ ਮੰਡੀਬੋਰਡ ਵੱਲੋਂ ਕੀਤੇ ਗਏ ਹਾਈਜੀਨਿਕ ਉਪਰਾਲਿਆਂ ਦਾ ਜਾਇਜਾ ਲਿਆ , ਜੋ ਕਿ ਤਸੱਲੀਬਖਸ ਹੈ। ਉਨਾਂ ਦੱਸਿਆ ਕਿ ਸਾਡਾ ਸਾਰਾ ਸਟਾਫ ਮੰਡੀਆਂ ਵਿੱਚ ਜ਼ਿਲਾ ਪ੍ਰਸਾਸਨ ਵੱਲੋ ਦਿੱਤੇ ਗਏ ਨਿਰਦੇਸਾਂ ਦੀ ਪਾਲਣਾ ਕਰਵਾਉਣ ਹਿੱਤ ਜੁੱਟ ਗਿਆ ਹੈ, ਤਾਂ ਜੋ ਕੋਈ ਅਵੇਸਲਾ ਨਾ ਹੋਵੇ।

ਉਨਾਂ ਦੱਸਿਆ ਕਿ ਇਸ ਦੌਰਾਨ ਮੰਡੀ ਬੋਰਡ ਕਰਮਚਾਰੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਸਮਾਜਿਕ ਦੂਰੀ, ਮਾਸਕ ਦੀ ਵਰਤੋ, ਸੈਨੇਟਾਈਜਰ, ਹੱਥ ਧੋਣ ਵਾਲੇ ਸਾਬਣ , ਲੇਬਰ ਨੂੰ ਵੇਹਲੇ ਟਾਈਮ ਇਕੱਠੇ ਹੋ ਕੇ ਨਾ ਬੈਠਣ ਦੇਣ ਆਦਿ ਦਾ ਪੂਰਾ ਖਿਆਲ ਰੱਖਣ ਲਈ ਕਿਹਾ ਜਾ ਰਿਹਾ ਹੈ। ਇਸ ਤੋਂ ਇਲਾਵਾ ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਨੂੰ ਬਾਰਦਾਨੇ ਅਤੇ ਲਿਫਟਿੰਗ ਵੱਲ ਉਚੇਚਾ ਧਿਆਨ ਦੇਣ ਲਈ ਜ਼ੋਰ ਦਿੱਤਾ ਜਾ ਰਿਹਾ ਹੈ। ਟੀਮ ਵਿੱਚ ਮੌਜੂਦ ਸ੍ਰੀ ਕੁਲਜੀਤ ਸਿੰਘ ਰੰਧਾਵਾ ਸਹਾਇਕ ਮੰਡੀਕਰਣ ਅਫਸਰ , ਸ੍ਰੀ ਅਮਰਜੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ ਅਤੇ ਸ੍ਰੀ ਹਰਪ੍ਰੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ ਅਤੇ ਹੋਰ ਮੰਡੀਕਰਣ ਸਟਾਫ ਨੂੰ ਕਣਕ ਦੀ ਖ੍ਰੀਦ ਦੌਰਾਨ ਸੈਨੇਟਾਈਜੇਸਨ , ਕਣਕ ਦੇ ਤੋਲਾਂ ਦੀ ਚੈਕਿੰਗ , ਕਿਸਾਨਾਂ ਦੀ ਅਵੇਅਰਨੈਸ ਸਬੰਧੀ ਕੰਮ ਮੰਡੀਆਂ ਵਿੱਚ ਜਾਰੀ ਰੱਖਣ ਨੂੰ ਕਿਹਾ ਗਿਆ ਹੈ।

ਇਸੇ ਦੌਰਾਨ ਜਿਲਾ ਖੁਰਾਕ ਸਪਲਾਈ ਕੰਟਰੋਲਰ ਸ. ਲਖਵਿੰਦਰ ਸਿੰਘ ਨੇ ਦੱਸਿਆ ਕਿ ਮੰਡੀਆਂ ਵਿਚ 37179 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਸੀ , ਜਿਸ ਵਿਚੋਂ 37055 ਮੀਟਰਕ ਟਨ ਦੀ ਖਰੀਦ ਸਰਕਾਰੀ ਏਜੰਸੀਆਂ ਦੁਆਰਾ ਕੀਤੀ ਗਈ ਹੈ। ਇਸ ਵਿਚੋਂ ਪਨਗ੍ਰੇਨ ਵੱਲੋਂ 10136 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 9609 ਮੀਟ੍ਰਿਕ ਟਨ, ਪਨਸਪ ਵੱਲੋਂ 5154 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਵਲੋਂ 7475 ਮੀਟ੍ਰਿਕ ਟਨ ਅਤੇ ਕੇਂਦਰ ਸਰਕਾਰ ਦੀ ਏਜੰਸੀ ਐਫ.ਸੀ.ਆਈ. ਵੱਲੋਂ 4681 ਮੀਟ੍ਰਿਕ ਟਨ ਕਣਕ ਖ਼ਰੀਦੀ ਕੀਤੀ ਜਾ ਚੁੱਕੀ ਹੈ।

ਕੈਪਸ਼ਨ

ਭਗਤਾਂਵਾਲਾ ਮੰਡੀ ਵਿਚ ਕਣਕ ਦੀ ਖਰੀਦ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਮੁੱਖ ਖੇਤੀ ਅਧਿਕਾਰੀ ਸ. ਹਰਿੰਦਰਜੀਤ ਸਿਘ ਅਤੇ ਉਨਾਂ ਦੀ ਟੀਮ।

==========